# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 10.3.2021
# ਦੀ ਕਾਰਵਾਈ

(ਮਤਾ ਨੰ: **52-66**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 10.3.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ
4. ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ................ ਮੈਂਬਰ
5. ਸ੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
10.3.2021

**ਮਤਾ ਨੰਬਰ:- 52**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 5.2.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 5.2.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ :

- ਮਿਤੀ 8.1.2021 ਦੀ ਮੱਦ ਨੰਬਰ 21 ਦੀ ਮਿਸਲ ਬਾਰੇ ਹੋਈ ਦੇਰੀ ਸਬੰਧੀ ਐਸ.ਈ. (ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਇਹਨਾਂ ਕੰਮਾਂ ਸਬੰਧੀ ਟੈਂਡਰ ਫਰਵਰੀ 2020 ਵਿਚ ਮੰਗੇ ਗਏ ਸਨ। ਪਰੰਤੂ ਮਾਰਚ ਮਹੀਨੇ ਕੋਵਿਡ ਫੈਲਣ ਕਾਰਨ ਦਫਤਰ ਬੰਦ ਕਰ ਦਿੱਤੇ ਗਏ ਅਤੇ ਇਹਨਾਂ ਕੰਮਾਂ ਸਬੰਧੀ ਕਾਰਵਾਈ ਜੂਨ ਮਹੀਨੇ ਮੁੜ ਅਰੰਭੀ ਗਈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਧਾ ਸਟਾਫ ਆਉਣ ਕਾਰਨ ਇਨ੍ਹਾਂ ਤੇ ਕੋਈ ਕਾਰਵਾਈ ਨਾ ਕੀਤੀ ਜਾ ਸਕੇ। ਜੁਲਾਈ ਮਹੀਨੇ ਇਹਨਾਂ ਤੇ ਮੁੜ ਤੋਂ ਕਾਰਵਾਈ ਕੀਤੀ ਗਈ ਅਤੇ ਮਿਤੀ : 4.08.2020 ਨੂੰ ਮਾਣਯੋਗ ਕਮਿਸ਼ਨਰ ਜੀ ਵੱਲੋ ਕੁਮੈਂਟ ਲਈ ਫਾਈਲ ਵਾਪਿਸ ਭੇਜੀ ਗਈ। ਉਸ ਉਪਰੰਤ ਸਬੰਧਤ ਠੇਕੇਦਾਰ ਨੂੰ ਜੁਬਾਨੀ ਤੋਰ ਤੇ ਰੇਟ ਘਟਾਉਣ ਲਈ ਬਾਰ-ਬਾਰ ਕਿਹਾ ਗਿਆ, ਪਰੰਤੂ ਠੇਕੇਦਾਰ ਵੱਲੋ ਰੇਟਾਂ ਨੂੰ ਨਹੀਂ ਘਟਾਇਆ ਗਿਆ। ਜਿਸ ਕਾਰਨ ਦੇਰੀ ਹੋਈ ਹੈ। ਕਿਉਂ ਕਿ ਨੈਸ਼ਨਲ ਗਰੀਨ ਟ੍ਰਿਬਊਨਲ ਵੱਲੋ ਬਾਰ-ਬਾਰ ਇਹਨਾਂ ਕੰਮਾਂ ਨੂੰ ਕਰਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਇਸ ਲਈ ਇਹ ਕੰਮ ਐਫ.ਐਂਡ.ਸੀ.ਸੀ. ਵਿੱਚ ਵਿਚਾਰਣ ਹਿੱਤ ਭੇਜੇ ਗਏ ਸਨ।
- ਮਿਤੀ 11.1.2021 ਦੀ ਮੱਦ ਨੰਬਰ 26 ਦੀ ਮਿਸਲ ਬਾਰੇ ਹੋਈ ਦੇਰੀ ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਇਹ ਮਿਸਲ ਮਿਤੀ 22.10.2020 ਨੂੰ ਸੰਯੁਕਤ ਕਮਿਸ਼ਨਰ ਨੂੰ ਭੇਜ਼ ਦਿੱਤੀ ਗਈ ਸੀ ।
- ਉਪਰੋਕਤ ਪ੍ਰੇਖਣਾ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
10.3.2021

**ਮਤਾ ਨੰਬਰ:- 53**

ਵਿਸ਼ਾ: P/F interlocking tiles 80mm in Village Dakoha. Ward No.12 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 37.30 ਲੱਖ ਟੈਂਡਰ ਅਮਾਉਂਟ ਰੁ: 36.06 ਲੱਖ ਸੇਵਿੰਗ: 3.33%
ਫਰਮ ਦਾ ਨਾਂ:- ਜਸਬੀਰ ਕੰਟਰੈਕਟਰ
ਟੈਂਡਰ ਕਾਲ ਕੀਤੇ:-ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 15.12.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 29.1.2021 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 2.2.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 2.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ, ਇਸ ਲਈ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਐਸ.ਈ.(ਬੀ.ਐਂਡ ਆਰ.) ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਕੇ ਸੇਵਿੰਗ ਹੋਰ ਵਧਾ ਕੇ ਟੈਂਡਰ ਮੰਜੂਰ ਕਰ ਲੈਣ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
10.3.2021

**ਮਤਾ ਨੰਬਰ:-** 54

ਵਿਸ਼ਾ: Repair & Maintenance of Shri Guru Ravidass Community Hall Sidharth Nagar. Ward No.39 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 16.94 ਲੱਖ ਟੈਂਡਰ ਅਮਾਊਂਟ ਰੁ: 16.58 ਲੱਖ ਸੇਵਿੰਗ: 2.11%
ਫਰਮ ਦਾ ਨਾਂ:- ਦੀ ਸੂਰਜ ਕੋ.ਆਪ ਐਲ/ਸੀ ਸੋਸਾਇਟੀ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ। ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨਗਰ ਨਿਗਮ ਹਾਊਸ ਦੇ ਮਤਾ ਨੰ: 16(12) ਮਿਤੀ 18.1.2021 ਰਾਹੀਂ ਪ੍ਰਵਾਨ ਕੀਤਾ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 9.2.2021 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 10.2.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.3.2021

ਮਤਾ ਨੰਬਰ:- 55

ਵਿਸ਼ਾਂ: ਸਪਲਾਈ, ਇੰਸਟਾਲੇਸ਼ਨ ਟੈਸਟਿੰਗ ਐਂਡ ਕਮਿਸ਼ਨਿੰਗ ਆਫ ਵੈਟ ਰਾਈਜਰਡਾਊਨ ਕਮਰਫਾਇਰ ਹਾਈਡਰੈਂਟ ਐਂਡ ਫਾਇਰ ਅਲਾਰਮ ਸਿਸਟਮ ਇੰਨ ਡਾ.ਬੀ. ਆਰ. ਅੰਬੇਕਦਰ ਪ੍ਰਸ਼ਾਸ਼ਨੀ ਕੰਪਲੈਕਸ, ਨਹਿਰੂ ਗਾਰਡਨ ਜਲੰਧਰ।

ਪੜਿਆ ਨੋਟ ਬੀ ਐਂਡ ਆਰ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨਿਅਰ ਨੇ ਮਿਤੀ 15.1.2021 ਰਾਹੀਂ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਉਕਤ ਕੰਮ ਮੈਸਰਜ ਰਜਿੰਦਰ ਫਾਇਰ ਸਰਵਿਸਜ਼ ਲੁਧਿਆਣਾ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ.ਸੀ.ਈ/19 ਮਿਤੀ: 27-06-2006 ਰਾਹੀ ਅਲਾਟ ਕੀਤਾ ਗਿਆ ਸੀ। ਫਰਮ ਵੱਲੋਂ ਪਹਿਲਾ ਇਹ ਕੰਮ 40% ਮੁੰਕਮਲ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇਸ ਕੰਮ ਨੂੰ ਸਮੇਂ ਸਿਰ ਮੁੰਕਮਲ ਨਾ ਕਰਨ ਕਾਰਣ ਕੰਪਨੀ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ ਸੀ। ਰਜਿੰਦਰਾ ਫਾਈਰ ਸਰਵਿਸਜ਼ ਵੱਲੋਂ ਮਿਤੀ: 17.03.2020 ਰਾਹੀ ਬੇਨਤੀ ਪੱਤਰ ਪ੍ਰਾਪਤ ਹੋਇਆ ਸੀ, ਕਿ ਉਹਨਾਂ ਵੱਲੋਂ ਨਗਰ ਨਿਗਮ ਦਫਤਰ ਦੀ ਬਿਲਡਿੰਗ ਅੰਦਰ ਫਾਈਰ ਫਾਈਟਿੰਗ ਦਾ ਜੋ ਅਧੂਰਾ ਕੰਮ ਹੈ, ਉਹ ਮੁੰਕਮਲ ਕਰ ਦਿੱਤਾ ਜਾਵੇਗਾ ਇਸ ਸਬੰਧੀ ਇਸ ਦਫਤਰ ਵੱਲੋਂ ਮੈਸਰਜ ਰਜਿੰਦਰ ਫਾਇਰ ਸਰਵਿਸਜ਼ ਲੁਧਿਆਣਾ ਨੂੰ ਇਸ ਦਫਤਰ ਦੇ ਪੱਤਰ ਨੰ.ਸੀ.ਈ/ਕੈਂਟ/666 ਮਿਤੀ: 03-08-2020 ਪੱਤਰ ਲਿਖਿਆ ਸੀ ਕਿ ਜੋ ਅਧੂਰੇ ਕੰਮ ਅਸਲ ਤਖਮੀਨੇ ਵਿੱਚ ਮੋਜੂਦ ਸਨ, ਉਹ ਕੰਮ ਤਖਮੀਨੇ ਅਨੁਸਾਰ ਪੂਰੇ ਕੀਤੇ ਜਾਣ। ਇਸ ਉਪਰੰਤ ਸਬੰਧਤ ਫਰਮ ਵੱਲੋਂ ਨਗਰ ਨਿਗਮ ਦੇ ਦਫਤਰ ਵਿਖੇ ਤਖ਼ਮੀਨੇ ਅਨੁਸਾਰ ਜੋ ਅਧੂਰਾ ਕੰਮ ਰਹਿੰਦਾ ਸੀ, ਪੂਰਾ ਕਰ ਦਿੱਤਾ ਗਿਆ ਹੈ ਅਤੇ ਇਸ ਦਾ ਨਰੀਖਣ ਸਹਾਇਕ ਮੰਡਲ ਅਫਸਰ ਕੀਤਾ ਗਿਆ ਸੀ।ਇਸ ਦੀ ਰਿਪੋਰਟ ਉਹਨਾਂ ਨੇ ਆਪਣੇ ਪੱਤਰ ਨੰ.FBK/233 Dt.12-01-2021 ਰਾਹੀ ਦਿੱਤੀ ਗਈ ਹੈ ਅਤੇ ਰਿਪੋਰਟ ਵਿੱਚ ਉਹਨਾਂ ਨੇ ਲਿਖਿਆ ਹੈ ਕਿ ਕੰਪਨੀ ਵੱਲੋਂ ਫਾਈਰ ਸਿਸਟਿਮ ਦੀਆਂ ਜੋ ਆਈਟਮਾਂ ਸਬੰਧਤ ਕੰਪਨੀ ਨੇ ਲਗਾਈਆਂ ਹਨ, ਉਹ ਚਾਲੂ ਹਾਲਤ ਵਿੱਚ ਠੀਕ ਪਾਈਆ ਗਈਆ ਹਨ।ਇਸ ਤੋਂ ਇਲਾਵਾ ਫਾਇਰ ਫਾਇਟਿੰਗ ਸਬੰਧੀ ਜੋ ਹੋਰ ਜਰੂਰੀ ਕੰਮ ਅਧੂਰਾ ਹੈ, ਜੋ ਕਿ ਅਸਲ ਤਖਮੀਨੇ ਵਿੱਚ ਨਹੀ ਲਿਆ ਗਿਆ ਸੀ, ਉਸ ਸਬੰਧੀ ਸਹਾਇਕ ਮੰਡਲ ਫਾਇਰ ਅਫਸਰ ਨਗਰ ਨਿਗਮ ਨੂੰ ਆਪਣੇ ਪੱਧਰ ਤੇ ਇੱਕ ਅਲੱਗ ਤਖਮੀਨਾ ਤਿਆਰ ਕਰਕੇ ਰਹਿੰਦਾ ਅਧੂਰਾ ਕੰਮ ਪੂਰਾ ਕਰਵਾਉਣ ਦੇ ਲਈ ਕਹਿ ਦਿੱਤਾ ਗਿਆ ਹੈ। ਇਸ ਕਰਕੇ ਸਬੰਧਤ ਕੰਪਨੀ ਦੀ ਬਲੈਕ ਲਿਸਟ ਬਹਾਲ ਕਰਨ ਲਈ ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਪੇਸ਼ ਹੈ ਜੀ। ਸੰਯੁਕਤ ਕਮਿਸ਼ਨਰ(ਐਸ) ਨੇ ਮਿਤੀ 15.1.2021 ਅਤੇ ਕਮਿਸ਼ਨਰ ਜੀ ਨੇ ਮਿਤੀ 19.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.3.2021

ਮਤਾ ਨੰਬਰ:- 56

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਟਿਊਬਵੈਲਾਂ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਟਿਊਬਵੈਲਾਂ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਜੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਤਿਆਰ ਕੀਤੇ ਗਏ ਸਨ, ਜਿਹਨਾ ਨੂੰ ਨਗਰ ਨਿਗਮ ਹਾਊਸ ਵੱਲੋਂ ਅਪਣੇ ਵੱਖ-ਵੱਖ ਮਤੀਆਂ ਅਨੁਸਾਰ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਇਹਨਾਂ ਕੰਮਾਂ ਲਈ ਨਗਰ ਨਿਗਮ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਸੁਸਾਈਟੀ/ਠੇਕੇਦਾਰਾਂ ਤੋ ਕਈ ਵਾਰ ਟੈਂਡਰ ਮੰਗੇ ਗਏ ਸਨ, ਪਰੰਤੂ ਕਿਸੇ ਵੱਲੋਂ ਹਿੱਸਾ ਨਹੀ ਲਿਆ ਗਿਆ ਸੀ। ਮਿਤੀ 24.08.2020 ਤੋ ਨਵਾਂ ਸੀ.ਐਸ.ਆਰ 2020 ਜਾਰੀ ਹੋਣ ਕਾਰਨ ਇਹਨਾਂ ਕੰਮਾਂ ਦੇ ਟੈਂਡਰਾਂ ਦੇ ਤਖਮੀਨਿਆਂ ਨੂੰ ਰਿਵਾਇਜ਼ ਕਰਕੇ ਮੁੜ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਦੇ ਹੁਕਮ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 15.09.2020 ਰਾਹੀਂ ਜਾਰੀ ਕੀਤੇ ਗਏ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਹੈਡ ਬੋਰ ਅਤੇ ਰਿਗ ਬੋਰ ਟਿਊਬਵੈਲਾਂ ਦੇ ਕੰਮਾਂ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋਂ ਮਿਤੀ 19.10.2020 ਮੰਗੇ ਗਏ, ਮਿਥੇ ਸਮੇ ਤੇ ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ। ਇਹਨਾ ਬਿਡਾਂ ਨੂੰ ਘੋਖਣ ਉਪਰੰਤ ਪਤਾ ਚੱਲਿਆ ਕਿ ਰਿਗ ਬੋਰ ਟਿਊਬਵੈਲਾਂ ਦੇ ਕੰਮਾਂ ਦੇ ਟੈਂਡਰਾਂ ਵਿੱਚ ਮੈਸਰਜ਼ ਗੋਇਲ ਟਿਊਬਵੈਲ ਸਟੋਰ ਨਾਭਾ ਵੱਲੋਂ ਸੁਸਾਈਟੀਆਂ ਸਮੇ ਵਿੱਚ ਹਿੱਸਾ ਲੈ ਲਿਆ ਗਿਆ ਸੀ ਜਿਸ ਕਾਰਨ ਇਸ ਠੇਕੇਦਾਰ ਦੇ ਟੈਂਡਰ ਨੂੰ ਤਕਨੀਕੀ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਬਾਕੀ ਦੀਆਂ ਤਕਨੀਕੀ ਬਿਡਾਂ ਮਿਆਰ ਪਖੋਂ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਜਾਰੀ ਕੀਤੇ ਗਏ, ਹੈਡ ਬੋਰ ਅਤੇ ਰਿਗ ਬੋਰ ਟਿਊਬਵੈਲਾਂ ਦੇ ਕੰਮਾਂ ਦੇ ਪ੍ਰਾਪਤ ਹੋਏ ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | Ward No | Name of works | Tender Calling Amount | Name of Agency | Saving | Tender Amount | House Reso. | Attempt | No. of Bid Received |
|---|---|---|---|---|---|---|---|---|---|
| **Hand Bore T/W** | | | | | | | | | |
| 1 | 9 | Installation of Deep Hand Bore T/W at New Dashmesh Nagar Zone 5A (replacement) | 13.89 | GK Engg. Co-Op L/C Society | 3.10% | 13,46,223 | 147(2) 24.12.19 | 1 | 3 |
| 2 | 33 | Installation of Deep Hand Bore T/W at Avtar Nagar in lieu Failure(Replacement) | 12.69 | GK Engg. Co-Op L/C Society | 3.10% | 12,29,943 | 98(6) 29.11.19 | 1 | 3 |
| 3 | 35 | Installation of Deep Hand Bore T/W at Bhargo Camp, Model House Rd | 12.59 | GK Engg. Co-Op L/C Society | 3.10% | 12,20,253 | 98(7) 29.11.19 | 1 | 3 |
| 4 | 74 | Installation of Deep Hand Bore T/W at Rasilla Nagar | 13.39 | GK Engg. Co-Op L/C Society | 3.10% | 12,97,773 | 101(20) 29.11.19 | 1 | 3 |
| **Rig Bore T/W** | | | | | | | | | |
| 5 | 23 | Installation of Rig Bore T/W at Golden Avenue Ph-II | 18.53 | GK Engg. Co-Op L/C Society | 3.10% | 17,95,946 | 98(5) 29.11.19 | 1 | 4 |
| 6 | 10 | Installation of Rig Bore T/W at Sunny Prime Zone 5A | 18.53 | GK Engg. Co-Op L/C Society | 3.10% | 17,95,946 | 147(7) 24.12.19 | 1 | 4 |

ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।ਇਹ ਵੀ ਫੈਸਲਾ ਹੋਇਆ ਕਿ ਟਿਊਬਵੈਲਾਂ ਦੇ ਬੋਰ ਸ਼ੁਰੂ ਹੋਣ ਦੇ ਨਾਲ-ਨਾਲ ਹੀ ਬਿਜਲੀ ਦੇ ਕੁਨੈਕਸ਼ਨ ਅਪਲਾਈ ਕੀਤੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.3.2021

**ਮਤਾ ਨੰਬਰ:- 57**

ਵਿਸ਼ਾ:- ਹਰਬੰਸ ਨਗਰ ਵਿਖੇ ਹੈਡ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 47 (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 12,19,292/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 5 (ਪਹਿਲੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 11,81,493/- ਸੇਵਿੰਗ 3.10% |
| ਅਜੰਸੀ ਦਾ ਨਾਮ:- | ਮੈ: ਜੀ.ਕੇ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਕੌਂਸਲਰ ਵੱਲੋਂ ਉਹਨਾ ਦੇ ਅਧੀਨ ਪੈਂਦੇ ਇਲਾਕੇ ਹਰਬੰਸ ਨਗਰ ਵਿੱਚ ਪੁਰਾਣੇ ਲਗੇ ਹੋਏ ਟਿਊਬਵੈਲ ਦਾ ਪਾਣੀ ਘਾਟ ਹੋਣ ਕਾਰਨ ਇਲਾਕਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਕਿਲਤ ਦਾ ਸਾਹਮਨਾ ਕਰਨਾ ਪੈ ਰਿਹਾ ਹੈ, ਜਿਸ ਨੂੰ ਦੂਰ ਕਰਨ ਵਾਸਤੇ ਪੁਰਾਣੇ ਲਾਗੇ ਹੋਏ ਟਿਊਬਵੈਲ ਦੀ ਜਗ੍ਹਾ ਤੇ ਇਕ ਰਿਗ ਬੋਰ ਟਿਊਬਵੈਲ ਲਗਾਉਣ ਦਾ ਤਖਮੀਨਾ ਰੁਪਏ 12,19,292/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 98(10) ਮਿਤੀ 29.11.19 ਰਾਹੀਂ ਦਿੱਤੀ। ਇਸ ਉਪਰੰਤ ਇਹਨਾਂ ਕੰਮਾਂ ਲਈ ਨਗਰ ਨਿਗਮ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਸੁਸਾਈਟੀ/ਠੇਕੇਦਾਰਾਂ ਤੋ ਕਈ ਵਾਰ ਟੈਂਡਰ ਮੰਗੇ ਗਏ ਸਨ, ਪਰੰਤੂ ਕਿਸੇ ਵੱਲੋਂ ਹਿੱਸਾ ਨਹੀ ਲਿਆ ਗਿਆ ਸੀ। **ਮਿਤੀ 24.08.2020 ਤੋ ਨਵਾਂ ਸੀ.ਐਸ.ਆਰ 2020 ਜਾਰੀ ਹੋਣ ਕਾਰਨ ਇਹਨਾਂ ਕੰਮਾਂ ਦੇ ਟੈਂਡਰਾਂ ਦੇ ਤਖਮੀਨਿਆਂ ਨੂੰ ਰਿਵਾਇਜ਼ ਕਰਕੇ ਮੁੜ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਦੇ ਹੁਕਮ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 15.09.2020 ਰਾਹੀਂ ਜਾਰੀ ਕੀਤੇ ਗਏ।**

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਸੁਸਾਈਟੀ ਤੋ ਮਿਤੀ 19.10.2020 ਰਾਹੀਂ ਮੰਗੇ ਗਏ, ਕੁੱਲ 5 ਟੈਂਡਰ ਪ੍ਰਾਪਤ ਹੋਏ। ਮਿਥੇ ਸਮੇ ਤੇ ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ। **ਇਹਨਾ ਬਿਡਾਂ ਨੂੰ ਘੋਖਣ ਉਪਰੰਤ ਪਤਾ ਚੱਲੀਆ ਕਿ ਮੈਸਰਜ਼ ਗੋਇਲ ਟਿਊਬਵੈਲ ਸਟੋਰ ਨਾਭਾ ਅਤੇ ਓਮ ਐਂਟਰਪ੍ਰਾਇਸਿਜ਼ ਜਲੰਧਰ ਵੱਲੋਂ ਸੁਸਾਈਟੀਆਂ ਸਮੇ ਵਿੱਚ ਹਿੱਸਾ ਲੈ ਲਿਆ ਗਿਆ ਸੀ ਜਿਸ ਕਾਰਨ ਇਹਨਾ ਠੇਕੇਦਾਰਾਂ ਦੇ ਟੈਂਡਰਾਂ ਨੂੰ ਤਕਨੀਕੀ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ** ਅਤੇ ਬਾਕੀ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਜਾਰੀ ਕੀਤੇ ਗਏ। ਇਹ ਅਜੰਸੀ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 12,19,292/- ਦੇ ਵਿਰੁੱਧ 3.10% ਦੀ ਸੇਵਿੰਗ ਨਾਲ ਰੁਪਏ 11,81,493/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

10.3.2021

ਮਤਾ ਨੰਬਰ:- 58

ਵਿਸ਼ਾ:- Annual Estimate for Desilting of Sewer line and Manholes with Super Suction Machines in Different areas of Wards falling in zone No. 7 Industrial Estate.

| | |
|---|---|
| ਤਖਮੀਨਾ | ਰੁਪਏ: 38,78,000/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 5 (ਪਹਿਲੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 36,56,566/- ਸੇਵਿੰਗ 5.71% |
| ਅਜੰਸੀ ਦਾ ਨਾਮ:- | ਮੈ: ਕੇ.ਐਚ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਦਸਿਆ ਜਾਂਦਾ ਹੈ ਕਿ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ਾ ਅਤੇ Manual Scavenger Act 2013 ਅਨੁਸਾਰ ਸੀਵਰ ਦੀ ਸਫਾਈ ਵਾਸਤੇ ਸੀਵਰਮੈਨ ਸਟਾਫ ਨੂੰ ਸੀਵਰ ਵਿੱਚ ਜਾਣ ਤੋ ਮਨਾਹੀ ਕਰ ਦਿੱਤੀ ਗਈ ਹੈ। ਕਿਉ ਜ਼ੋ ਸੀਵਰੇਜ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀਵਰ ਲਾਇਨਾਂ ਅਤੇ ਮੈਨਹੋਲਾਂ ਦੀ ਸਫਾਈ ਲਗਾਤਾਰ ਕਰਵਾਉਣਾ ਅਤਿ ਜਰੂਰੀ ਹੈ ਤਾਂ ਜ਼ੋ ਸੀਵਰੇਜ਼ ਬਲੋਕੇਜ਼ ਦੀ ਸਮਸਿਆ ਦੂਰ ਕੀਤੀ ਜਾ ਸਕੇ। ਇਸ ਲਈ ਜ਼ੋਨ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਵਿੱਚਾਂ ਸੀਵਰ ਮੈਨਹੋਲਾਂ ਅਤੇ ਸੀਵਰ ਲਾਇਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾ ਨਾਲ ਕਰਵਾਉਣ ਲਈ ਰਫ ਕਾਸਟ ਤਖਮੀਨਾ ਰੁਪਏ 38,78,000/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 77(8) ਮਿਤੀ 1.12.2020 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 21.12.2020 ਮੰਗੇ ਗਏ, ਕੁੱਲ 5 ਟੈਂਡਰ ਪ੍ਰਾਪਤ ਹੋਏ। ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ। ਇਹਨਾ ਬਿਡਾਂ ਨੂੰ ਘੋਖਣ ਉਪਰੰਤ ਪਤਾ ਚੱਲੀਆ ਕਿ ਇਹਨਾ ਕੰਮਾਂ ਦੇ ਟੈਂਡਰਾਂ ਵਿੱਚ ਮੈਸਰਜ਼ ਜਗਦਬਾ ਕੋ-ਆਪ ਐਲ.ਸੀ ਸੁਸਾਈਟੀ ਅਤੇ ਰਾਏ ਕੋ-ਆਪ ਐਲ.ਸੀ ਸੁਸਾਈਟੀ ਵੱਲੋਂ ਐਨ.ਆਈ.ਟੀ ਵਿੱਚ ਦਰਸ਼ਾਈ ਸ਼ਰਤਾਂ ਨੂੰ ਪੂਰਾ ਨਾ ਕਰਨ ਕਾਰਨ ਇਹਨਾ ਦੋਵੇ ਸੁਸਾਈਟੀਆਂ ਦੇ ਟੈਂਡਰਾਂ ਨੂੰ ਤਕਨੀਕੀ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਬਾਕੀ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਸੁਸਾਈਟੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਹ ਸੁਸਾਈਟੀ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 38,78,000/- ਦੇ ਵਿਰੁੱਧ 5.71% ਦੀ ਸੇਵਿੰਗ ਨਾਲ ਰੁਪਏ 36,56,566/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

10.3.2021

ਮਤਾ ਨੰਬਰ:- 59

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰੇਜ਼ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ।
(ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਸੀਵਰੇਜ਼ ਦੇ ਤਖਮੀਨੇ ਇਲਾਕਾ ਕੌਂਸਲਰ ਵੱਲੋਂ ਅਪਣੇ ਵੱਖ-ਵੱਖ ਪੱਤਰਾਂ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮਸਿਆ ਆ ਰਹੀ ਹੈ, ਜਿਸ ਕਾਰਨ ਉਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਸ ਸਮਸਿਆ ਤੋ ਇਲਾਕਾ ਨਿਵਾਸੀਆਂ ਨੂੰ ਰਾਹਤ ਦੇਣ ਵਾਸਤੇ ਹੇਠ ਦਰਸ਼ਾਏ ਵਾਰਡਾਂ ਦੇ ਤਖਮੀਨਿਆਂ ਨੂੰ ਤਿਆਰ ਕਰਨ ਉਪਰੰਤ ਹਾਊਸ ਤੋ ਪ੍ਰਵਾਨਗੀ ਲਈ ਗਈ ਸੀ, ਪਰੰਤੂ ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਹਨਾਂ ਤਖਮੀਨੀਆਂ ਨੂੰ ਰਿਵਾਇਜ਼ ਕੀਤਾ ਗਿਆ ਸੀ, ਇਹਨਾਂ ਤਖਮੀਨਿਆਂ ਦੀ ਮੁੜ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਦਿੱਤੀ ਗਈ ਹੈ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 07.12.2020 ਅਤੇ ਠੇਕੇਦਾਰਾਂ ਤੋ ਮਿਤੀ 21.12.2020 ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਇਸ ਕੰਮ ਦੇ ਟੈਂਡਰ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 14.1.2021 ਪਰੰਤੂ ਕਿ ਵੀ ਸੁਸਾਈਟੀ ਨੇ ਹਿੱਸਾ ਨਹੀ ਲਿਆ। ਮੁੜ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮਿਤੀ 27.01.2021 ਰਾਹੀਂ ਮੰਗੇ ਗਏ, ਜੋ ਕਿ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਜਿਹੜੀਆਂ ਅਜੰਸੀਆਂ ਦਾ ਰੇਟ ਸਬ ਤੋ ਘੱਟ ਪਾਇਆ ਗਿਆ ਉਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | Ward No | Name of works | Revised Est.Amt | Name of Agency | Saving | Tender Amount | New H/Reso dt 01.12.2020 | Attempt | No. of Bid Received |
|---|---|---|---|---|---|---|---|---|---|
| 1 | 44 | Laying of 8 inch dia Sewerline at Opposite Kali Sabji Wala Road Mohalla | 2,22,293 | M/s Inderpal Singh Govt. Cont. | 0.50% | 2,21,181 | 76 | 2 | 1 |
| 2 | 3 | Providing and Laying of Sewerline at Sanjay Gandhi nagar Gali no 6,8 and Khanna Industry Gadaipur | 7,47,643 | M/s Chaman Lal Rattan | 6.60% | 6,98,298 | | 2 | 2 |

ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜੋ ਮਤੇ ਵਿਚ ਦਰਜ ਲੜੀ ਨੰ: 1 ਦੇ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ, ਇਸ ਲਈ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਐਸ.ਈ.(ਓ.ਐਂਡ ਐਮ.) ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਕੇ ਸੇਵਿੰਗ ਹੋਰ ਵਧਾ ਕੇ ਟੈਂਡਰ ਮੰਜੂਰ ਕਰ ਲੈਣ।ਲੜੀ ਨੰ: 2 ਦੇ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.3.2021

ਮਤਾ ਨੰਬਰ:- 60

ਵਿਸ਼ਾ:- ਕੰਸਟ੍ਰਕਸ਼ਨ ਆਫ ਰੂਮ ਫਾਰ ਰਿਕਵਰੀ ਸਟਾਫ ਐਂਡ ਰਿਪੇਅਰ ਆਫ ਓਲਡ ਬਿਲਡਿੰਗ ਜ਼ੋਨ ਨੰ: 7 ਇੰਡਸਟ੍ਰਿਅਲ ਅਸਟੇਟ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

| | |
|---|---|
| ਤਖਮੀਨਾ | ਰੁਪਏ: 5,00,000/- |
| ਸੋਧਿਆ ਤਖਮੀਨਾ | ਰੁਪਏ 6,25,000/- |
| ਟੈਂਡਰ ਮੰਗੇ | ਰੁਪਏ: 5,00,000/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = 1 (ਤੀਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 4,97,500/- ਸੇਵਿੰਗ .50% |
| ਅਜੰਸੀ ਦਾ ਨਾਮ:- | ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 5,00,000/- ਦੀ ਪ੍ਰਵਾਨਗੀ ਇਨਐਂਟੀਸਿਪੇਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 19.08.19 ਰਾਹੀਂ ਦਿੱਤੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਸੁਸਾਈਟੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਸੁਸਾਈਟੀ .50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 5,00,000/- ਦੇ ਵਿਰੁੱਧ ਰੁਪਏ 4,97,500/- ਵਿੱਚ ਕਰੇਗੀ। ਇਸ ਕੰਮ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 144(25) ਮਿਤੀ 24.12.19 ਰਾਹੀਂ ਦੇ ਦਿੱਤੀ ਹੈ ਅਤੇ ਵਿੱਤ ਅਤੇ ਠੇਕਾ ਕਮੇਟੀ ਨੇ ਇਸ ਟੈਂਡਰ ਦੀ ਅੰਤਿਮ ਪ੍ਰਵਾਨਗੀ ਅਪਣੇ ਮਤਾ ਨੰ: 24 ਮਿਤੀ 23.01.2020 ਰਾਹੀਂ ਦੇ ਦਿੱਤੀ ਸੀ। ਇਕਰਾਰ ਨਾਮਾ ਕਰਨ ਤੋ ਬਾਅਦ ਅਜੰਸੀ ਨੂੰ ਵਰਕ ਆਡਰ ਨੰਬਰ ਸੀ.ਈ/ਈ.ਟੀ/180 ਮਿਤੀ 27-01-2020 ਜਾਰੀ ਕੀਤਾ ਗਿਆ ਅਤੇ ਕੰਮ ਕਰਨ ਲਈ 4 ਮਹੀਨੇ ਦਾ ਸਮਾ ਦਿੱਤਾ ਗਿਆ।

ਇਥੇ ਇਹ ਦਸਣਯੋਗ ਹੈ ਕਿ ਮੋਕੇ ਤੇ ਕੰਮ ਕਰਨ ਦੌਰਾਨ ਇਸ ਜ਼ੋਨ ਦਫਤਰ ਵਿੱਚ ਸਟਾਰ ਦੇ ਕਮਰੀਆਂ ਦੀ ਘਾਟ ਅਤੇ ਬਾਥਰੂਮ ਵੀ ਨਾ ਹੋਣ ਕਾਰਨ ਸਟਾਫ ਵੱਲੋਂ ਨਵੇ ਕਮਰੇ ਅਤੇ ਬਾਥਰੂਵ ਵੀ ਬਣਾਉਣ ਵਾਸਤੇ ਤਜਵੀਜ਼ ਕਾਰਪੋਰੇਸ਼ਨ ਇੰਜੀਨੀਅਰ ਨੂੰ ਦਿੱਤੀ ਗਈ, ਜਿਸ ਅਨੁਸਾਰ ਇਸ ਤਖਮੀਨੇ ਨੂੰ ਰਿਵਾਇਜ਼ ਕਰਕੇ ਰੁਪਏ 6,25,000/- ਦਾ ਤਿਆਰ ਕੀਤਾ ਗਿਆ ਜ਼ੋ ਕਿ ਨਗਰ ਨਿਗਮ ਹਾਊਸ ਵੱਲੋਂ ਪਹਿਲਾ ਪ੍ਰਵਾਨ ਕੀਤੇ ਗਏ ਤਖਮੀਨੇ ਰੁਪਏ 5,00,000/- ਦੇ 25% ਵੇਰੀਏਸ਼ਨ ਵਿੱਚ ਆਉਂਦਾ ਹੈ। **ਇਸ ਲਈ ਸੋਧੇ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ।** ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜਵੀਜ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

10.3.2021

ਮਤਾ ਨੰਬਰ:- 61

ਵਿਸ਼ਾ:- ਸ਼ਾਸ਼ਤਰੀ ਚੌਂਕ ਤੋਂ ਰੇਲਵੇ ਸਟੇਸ਼ਨ ਤੱਕ 24×36 ਸੀਵਰ ਦੀ ਡੀ-ਸਿਲਟਿੰਗ ਸੁਪਰ ਸਕਸ਼ਨ ਮਸ਼ੀਨਾ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਦੇ ਕੰਮ ਦੀ ਬਚਦੀ ਸੇਵਿੰਗ ਵਿਚੋਂ ਖਹਿਰਾ ਫੀਲਿੰਗ ਸਟੇਸ਼ਨ ਰਾਮਾ ਮੰਡੀ ਰੋਡ ਤੋਂ ਭਗਵਾਨ ਵਾਲਮੀਕਿ ਮੰਦਿਰ ਦਕੋਹਾ ਤੱਕ ਸੀਵਰੇਜ਼ ਦੀ ਡੀ-ਸਿਲਟਿੰਗ ਦਾ ਕੰਮ ਕਰਵਾਉਣ ਬਾਰੇ। (ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਤੇ)

| | |
|---|---|
| ਤਖਮੀਨਾਂ ਰੁਪਏ | 55,58,008/- |
| ਕੰਮ ਦੀ ਲਾਗਤ ਰੁਪਏ | 37,10,217/- |
| ਬਚਦੀ ਸੇਵਿੰਗ ਰੁਪਏ | 18,47,791/- |
| ਅਜੰਸੀ ਦਾ ਨਾਮ | M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਸ਼ਾਸ਼ਤਰੀ ਚੌਂਕ ਤੋਂ ਰੇਲਵੇ ਸਟੇਸ਼ਨ ਤੱਕ 24×36 ਸੀਵਰ ਦੀ ਡੀ-ਸਿਲਟਿੰਗ ਸੁਪਰ ਸਕਸ਼ਨ ਮਸ਼ੀਨਾ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਕਰਵਾਉਣ ਲਈ ਤਖਮੀਨਾ ਰੁਪਏ 55.58 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 97(6) ਮਿਤੀ 29-11-2019 ਰਾਹੀਂ ਦਿੱਤੀ ਗਈ ਸੀ। ਸੀਵਰੇਜ਼ ਬੋਰਡ ਨੇ ਆਪਣੇ ਪਿੱਠ ਅੰਕਣ ਨੰਬਰ 3351 ਮਿਤੀ 17-10-2017 ਰਾਹੀਂ ਨਗਰ ਨਿਗਮ ਜਲੰਧਰ ਨੂੰ ਦਸਿਆ ਕਿ ਸਥਾਨਕ ਸਰਕਾਰ ਦੀ ਧੱਧਰ ਤੇ M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਨਾਲ ਸੁਪਰ ਸਕਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ। ਇਸ ਪੱਤਰ ਦੇ ਲੜੀ ਨੰਬਰ 10 ਤੇ ਸਪਸ਼ਟ ਕੀਤਾ ਗਿਆ ਹੈ ਕਿ (You will be given first preference at the time of award of the job till you shown inability after you capacity is exhausted) ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਕੀਤੇ ਗਏ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲਈ ਭੇਜੀ ਗਈ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 25 ਮਿਤੀ 23-01-2020 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰਬਰ ਸੀ.ਈ/ਏ.ਆਰ.ਸੀ/211 ਮਿਤੀ 17-03-2020 ਜਾਰੀ ਕੀਤਾ ਗਿਆ ਤੇ ਕੰਮ ਨੂੰ ਮੁਕੰਮਲ ਕਰਨ ਲਈ 4 ਮਹੀਨੇ ਦਾ ਸਮਾਂ ਦਿੱਤਾ ਗਿਆ। ਅਜੰਸੀ ਵਲੋਂ ਮੌਕੇ ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਹੁਣ ਕੰਪਨੀ ਵਲੋਂ ਸ਼ਾਸ਼ਤਰੀ ਚੌਂਕ ਤੋਂ ਰੇਲਵੇ ਸਟੇਸ਼ਨ ਤੱਕ 24×36 ਸੀਵਰ ਦੀ ਡੀ-ਸਿਲਟਿੰਗ ਦਾ ਕੰਮ ਪੂਰਾ ਕਰ ਦਿੱਤਾ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਰਜਿੰਦਰ ਬੇਰੀ, ਵਿਧਾਇਕ (ਜਲੰਧਰ ਸੈਂਟਰਲ) ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਵਾਰਡ ਨੰਬਰ 12 ਅਤੇ 13 ਵਿੱਚ ਖਹਿਰਾ ਫੀਲਿੰਗ ਸਟੇਸ਼ਨ ਰਾਮਾ ਮੰਡੀ ਰੋਡ ਤੋਂ ਭਗਵਾਨ ਵਾਲਮੀਕਿ ਮੰਦਿਰ ਦਕੋਹਾ ਤੱਕ ਵੀ ਸੀਵਰੇਜ਼ ਦੀ ਕਾਫੀ ਜਿਆਦਾ ਸਮਸਿਆ ਹੈ, ਜਿਸ ਨਾਲ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਦੀ ਬਚਦੀ ਸੇਵਿੰਗ ਵਿਚੋਂ ਇਸ ਸੀਵਰ ਲਾਈਨ ਦੀ ਸਫਾਈ ਦਾ ਕੰਮ ਵੀ ਸੁਪਰ ਸਕਸ਼ਨ ਮਸ਼ੀਨ ਰਾਹੀਂ ਕਰਵਾਇਆ ਜਾਵੇ ਤਾਂ ਜੋ ਲੋਕਾਂ ਨੂੰ ਸੀਵਰੇਜ਼ ਸਬੰਧੀ ਆ ਰਹੀ ਸਮਸਿਆ ਤੋਂ ਨਿਜਾਤ ਮਿਲ ਸਕੇ। ਇਹ ਕੰਮ ਕਰਵਾਉਣ ਵਾਸਤੇ ਵਾਰਡ ਨੰਬਰ 12 ਅਤੇ 13 ਦੇ ਕੌਂਸਲਰ ਸਾਹਿਬਾਨ ਜੀ ਵਲੋਂ ਵੀ ਇਹ ਕੰਮ ਕਰਵਾਉਣ ਵਾਸਤੇ ਕਿਹਾ ਗਿਆ ਹੈ। ਇਹ ਕੰਮ ਕਰਵਾਉਣ ਲਈ ਤਖਮੀਨਾ ਰੁਪਏ 18,26,948/- ਦਾ ਤਿਆਰ ਕੀਤਾ ਗਿਆ ਹੈ।

ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ **ਖਹਿਰਾ ਫੀਲਿੰਗ ਸਟੇਸ਼ਨ ਰਾਮਾ ਮੰਡੀ ਰੋਡ ਤੋਂ ਭਗਵਾਨ ਵਾਲਮੀਕਿ ਮੰਦਿਰ ਦਕੋਹਾ ਤੱਕ ਸੀਵਰ ਲਾਈਨ ਦੀ ਸਫਾਈ ਦਾ ਕੰਮ** ਵਿਸ਼ੇ ਅਧੀਨ ਕੰਮ ਦੇ ਤਖਮੀਨੇ ਦੀ ਬਚਦੀ ਸੇਵਿੰਗ ਜੋ ਕਿ ਰੁਪਏ 18,47,791/- ਬਣਦੀ ਹੈ, ਵਿਚੋਂ ਕਰਵਾਉਣ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ।ਉਪਰੋਕਤ ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨੱਗੀ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜਵੀਜ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 4.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.3.2021

**ਮਤਾ ਨੰਬਰ:- 62**

ਵਿਸ਼ਾ:- Providing and Installing of Storm Sewer Line on Sodal Mandir Road (UEIP PH- 2) ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 20,11,811/- ਵੈਟ ਤਖਮੀਨਾ ਰੁਪਏ 17,11,000/-
ਕੁੱਲ ਪ੍ਰਾਪਤ ਟੈਂਡਰ 1 (ਦੂਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ 16,48,440/- (ਸੇਵਿੰਗ ਉਪਰਾਂਤ 3.60%)
ਅਜੰਸੀ ਦਾ ਨਾਮ:- ਸ੍ਰੀ ਅਸ਼ਵਨੀ ਕੁਮਾਰ ਕਾਲੀਆ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼੍ਰੀ ਅਵਤਾਰ ਸਿੰਘ (ਜੂਨੀਅਰ ਹੈਨਰੀ) ਵਿਧਾਇਕ ਜਲੰਧਰ ਨੋਰਥ ਜੀ ਵਲੋਂ ਕੀਤੇ ਗਏ ਹੁਕਮਾਂ ਅਨੁਸਾਰ ਸੋਡਲ ਮੰਦਿਰ ਰੋਡ ਵਿਖੇ ਸਟਾਰਮ ਸੀਵਰ ਪਾਉਣ ਲਈ ਤਖਮੀਨਾ ਰੁਪਏ 20,11,811/- ਦਾ ਤਿਆਰ ਕੀਤਾ ਗਿਆ ਸੀ। ਇਹ ਕੰਮ ਪੰਜਾਬ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਫੇਜ-2 ਅਧੀਨ ਜਾਰੀ ਗ੍ਰਾਂਟ ਵਿਚੋਂ ਕਰਵਾਉਣ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ-ਕਮ-ਕਮ ਚੇਅਰਮੈਨ, ਜਿਲ੍ਹਾ ਪੱਧਰੀ ਇੰਨਫਰਾ ਕਮੇਟੀ ਜਲੰਧਰ ਜੀ ਵਲੋਂ DUIC ਦੀ ਮੀਟਿੰਗ ਮਿਤੀ 31-07-2020 ਵਿੱਚ ਦਿੱਤੀ ਗਈ ਸੀ। ਇਸ ਤਖਮੀਨੇ ਨੂੰ ਤਕਨੀਕੀ ਤੌਰ ਤੇ ਵੈਟ ਕਰਨ ਲਈ ਇਸ ਦਫਤਰ ਦੇ ਪੱਤਰ ਨੰਬਰ 427/ਸੀ.ਈ/ਡਬਲਯੂ.ਐਸ/ਜੀ ਮਿਤੀ 04-11-2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਮਿਸਲ ਭੇਜੀ ਗਈ ਜੋ ਕਿ ਉਨ੍ਹਾਂ ਵਲੋਂ ਪੱਤਰ ਨੰਬਰ ਈ.ਆਈ.ਸੀ 2020/45492 ਮਿਤੀ 12-11-2020 ਰਾਹੀਂ ਰੁਪਏ 20.11 ਲੱਖ ਦੇ ਵਿਰੁੱਧ ਰੁਪਏ 17.11 ਲੱਖ ਦਾ ਵੈਟ ਕੀਤਾ ਗਿਆ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 18.12.2020 ਅਤੇ ਠੇਕੇਦਾਰਾਂ ਤੋ ਮਿਤੀ 29.12.2020 ਰਾਹੀਂ ਮੰਗੇ ਗਏ, ਪਰੰਤੂ ਕਿਸੇ ਵੀ ਸੁਸਾਈਟੀ/ਠੇਕੇਦਾਰ ਵੱਲੋਂ ਹਿੱਸਾ ਨਹੀ ਲਿਆ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਤੋ ਮਿਤੀ 15.01.2021 ਲਈ ਮੰਗੇ ਗਏ, ਕੇਵਲ ਇਕ ਟੈਂਡਰ ਪ੍ਰਾਪਤ ਹੋਇਆ, ਜੋ ਕਿ ਤਕਨੀਕੀ ਮਿਆਰ ਪੱਖੋ ਪੂਰਾ ਹੋਣ ਕਾਰਨ ਇਸ ਕੰਮ ਦੇ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਅਜੰਸੀ ਵੱਲੋਂ ਰੁਪਏ 17,11,000/- ਦੇ ਵਿਰੁੱਧ 3.60% ਦੀ ਸੇਵਿੰਗ ਨਾਲ ਰੁਪਏ 16,48,440/- ਵਿੱਚ ਕੰਮ ਕਰੇਗੀ। ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਵੱਲੋਂ ਅਪਣੇ ਹੁਕਮ ਮਿਤੀ 27.01.2021 ਰਾਹੀਂ ਦੇ ਦਿੱਤੀ ਹੈ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਇਸ ਕੰਮ ਦੀ ਮਿਸਲ ਅਤੇ ਅਮਰੁਤ ਸਕੀਮ ਅਧੀਨ ਜਿਹੜਾ ਇਸ ਇਲਾਕੇ ਵਿਚ ਸਟਾਰਮ ਸੀਵਰ ਦਾ ਕੰਮ ਚੱਲ ਰਿਹਾ ਹੈ ਦੀ ਮਿਸਲ ਵੀ ਮੇਅਰ ਜੀ ਨੂੰ ਘੋਖਣ ਹਿਤ ਦਿੱਤੀਆਂ ਜਾਣ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
10.3.2021

ਮਤਾ ਨੰਬਰ:- 63

ਵਿਸ਼ਾ:- Providing and Laying of 600mm RCC P-1 Rising Main from Kishanpura Disposal to Lamba Pind Chowk (UEIP PH-2) ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 89,86,741/- ਵੈਟ ਤਖਮੀਨਾ ਰੁਪਏ 85,71,000/-
ਕੁੱਲ ਪ੍ਰਾਪਤ ਟੈਂਡਰ 3 (ਪਹਿਲੀ ਬਾਰੀ)
ਟੈਂਡਰ ਮੰਗੇ ਰੁਪਏ 85,71,000/- ਸੇਵਿੰਗ 1.01%
ਟੈਂਡਰ ਅਮਾਉਂਟ ਰੁਪਏ 84,84,432/-
ਅਜੰਸੀ ਦਾ ਨਾਮ:- ਮੈ: ਗੋਰਵ ਸ਼ਰਮਾ ਕੰਟਰੈਕਟਰ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਐਮ.ਐਲ.ਏ (ਹਲਕਾ ਉਤਰੀ) ਜੀ ਵਲੋਂ ਸੂਰਿਆ ਇਨਕਲੇਵ ਵਿਖੇ ਮੈਨਹੋਲਾਂ ਦੀ ਓਵਰ ਫਲੋ ਦੀ ਸਮਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਵਾਸਤੇ ਕਿਹਾ ਗਿਆ ਸੀ। ਹੁਕਮਾਂ ਅਨੁਸਾਰ ਨਗਰ ਨਿਗਮ ਜਲੰਧਰ ਦੇ ਓ.ਐਂਡ.ਐਮ ਸੈਲ ਦੇ ਟੈਕਨੀਕਲ ਸਟਾਫ ਵਲੋਂ ਸਾਰੇ ਏਰੀਏ ਦਾ ਸਰਵੇ ਕਰਨ ਉਪਰੰਤ ਇਹ ਪ੍ਰਪੋਜਲ ਦਿੱਤੀ ਗਈ ਕਿ ਜੇਕਰ ਕਿਸ਼ਨਪੁਰਾ ਡਿਸਪੋਜਲ ਦਾ ਵਾਧੂ ਪਾਣੀ ਲੰਮਾ ਪਿੰਡ ਚੌਂਕ ਵਿਖੇ ਚੱਲ ਰਹੇ ਸੀਵਰ ਜ਼ੋ ਕਿ ਜੈਤੇਵਾਲੀ ਐਸ.ਟੀ.ਪੀ ਨੂੰ ਜਾਂਦਾ ਹੈ, ਦੇ ਵਿੱਚ ਡਿਸਪੋਜ ਕਰ ਦਿੱਤਾ ਜਾਵੇ ਤਾਂ ਇਸ ਓਵਰ ਫਲੋ ਦੀ ਸਮਸਿਆ ਨੂੰ ਖਤਮ ਕੀਤਾ ਜਾ ਸਕਦਾ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਪਾਣੀ ਦੀ ਨਿਕਾਸੀ ਜਲਦੀ ਹੋ ਸਕਦੀ ਹੈ। ਇਸ ਲਈ ਇਸ ਸਮਸਿਆ ਦੇ ਜਲਦੀ ਤੋਂ ਜਲਦੀ ਨਿਪਟਾਰੇ ਵਾਸਤ **ਤਖਮੀਨਾ ਰੁਪਏ 89,86,741/- ਦਾ ਤਿਆਰ ਕੀਤਾ ਗਿਆ ਸੀ।** ਇਸ ਤਖਮੀਨੇ ਨੂੰ ਤਕਨੀਕੀ ਤੌਰ ਤੇ ਵੈਟ ਕਰਨ ਲਈ ਇਸ ਦਫਤਰ ਦੇ ਪੱਤਰ ਨੰਬਰ 427/ਸੀ.ਈ/ਡਬਲਯੂ.ਐਸ/ਜੀ ਮਿਤੀ 04-11-2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਮਿਸਲ ਭੇਜੀ ਗਈ ਜ਼ੋ ਕਿ ਉਨ੍ਹਾਂ ਵਲੋਂ ਪੱਤਰ ਨੰਬਰ ਈ.ਆਈ.ਸੀ 2020/45492 ਮਿਤੀ 12-11-2020 ਰਾਹੀਂ ਰੁਪਏ 89.86 ਲੱਖ ਦੇ ਵਿਰੁੱਧ ਰੁਪਏ 85.71 ਲੱਖ ਦਾ ਵੈਟ ਕੀਤਾ ਗਿਆ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਤੋ ਮਿਤੀ 18.12.2020 ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜ਼ੋ ਕਿ ਤਕਨੀਕੀ ਮਿਆਰ ਪੱਖੋ ਪੂਰੇ ਸਨ। ਇਸ ਕਰਕੇ ਇਸ ਕੰਮ ਦੇ ਟੈਂਡਰ ਦੀਆਂ ਬਿਡਾਂ ਖੋਲੀਆਂ ਗਈਆਂ, ਜਿਸ ਵਿੱਚ ਮੈਸਰਜ਼ ਗੋਰਮ ਸ਼ਰਮਾ ਕੰਟਰੈਕਟਰ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਅਜੰਸੀ ਨੇ ਵਿਸ਼ੇ ਅਧੀਨ ਕੰਮ ਵੈਟ ਤਖਮੀਨਾ ਰੁਪਏ 85,71,000/- ਦੇ ਵਿਰੁੱਧ 1.01% ਦੀ ਸੇਵਿੰਗ ਨਾਲ ਰੁਪਏ 84,84,432/- ਵਿੱਚ ਕੰਮ ਕਰੇਗੀ। ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਵੱਲੋਂ ਅਪਣੇ ਹੁਕਮ ਮਿਤੀ 27.01.2021 ਰਾਹੀਂ ਦੇ ਦਿੱਤੀ ਹੈ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

10.3.2021

**ਮਤਾ ਨੰਬਰ:- 64**

ਵਿਸ਼ਾ:- ਵਾਰਡ ਨੰ: 9 ਜੋਗਿੰਦਰ ਨਗਰ ਲਾਡੋਵਾਲੀ ਰੋਡ ਸ਼ਮਸ਼ਾਨ ਘਾਟ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਪ੍ਰੋਫੈਸਰ ਕਲੋਨੀ ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 9 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ | ਰੁਪਏ: 18,51,462/- | |
| ਰਿਵਾਇਜ਼ ਤਖਮੀਨਾ | ਰੁਪਏ 19,53,402/- (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 1,00,000/-) | |
| ਟੈਂਡਰ ਮੰਗੇ | ਰੁਪਏ 18,53,402/- | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 4 (ਪਹਿਲੀ ਬਾਰੀ) | ਟੈਂਡਰ ਅਮਾਊਂਟ ਰੁਪਏ: 17,95,946/- |
| ਸੇਵਿੰਗ 3.10% | ਅਜੰਸੀ ਦਾ ਨਾਮ:- ਮੈ: ਜੀ.ਕੇ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ | |

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,53,402/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 147(3) ਮਿਤੀ 24-12-19 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਤੋ ਮਿਤੀ 19.10.2020 ਰਾਹੀਂ ਮੰਗੇ ਗਏ, ਸਿਰਫ 4 ਟੈਂਡਰ ਪ੍ਰਾਪਤ ਹੋਏ, ਮਿਥੇ ਸਮੇ ਤੇ ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ। ਇਹਨਾ ਬਿਡਾਂ ਨੂੰ ਘੋਖਣ ਉਪਰੰਤ ਪਤਾ ਚੱਲੀਆ ਕਿ ਮੈਸਰਜ਼ ਗੋਈਅਲ ਟਿਊਬਵੈਲ ਸਟੋਰ ਨਾਭਾ ਵੱਲੋਂ ਸੁਸਾਈਟੀਆਂ ਸਮੇ ਵਿੱਚ ਹਿੱਸਾ ਲੈ ਲਿਆ ਗਿਆ ਸੀ ਜਿਸ ਕਾਰਨ ਇਸ ਠੇਕੇਦਾਰ ਦੇ ਟੈਂਡਰ ਨੂੰ ਤਕਨੀਕੀ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਬਾਕੀ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੰਤ ਉਪਰੋਕਤ ਸੁਸਾਈਟੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਸ ਸੁਸਾਈਟੀ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 18,53,402/- ਦੇ ਵਿਰੁੱਧ 17,95,946/- ਵਿੱਚ ਕੰਮ ਕਰੇਗੀ।

ਵਾਰਡ ਨੰ: 9 ਦੇ ਕੋਂਸਲਰ ਸ੍ਰੀਮਤੀ ਮੰਦੀਪ ਕੌਰ ਮੁਲਤਾਨੀ ਨੇ ਅਪਣੇ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡ ਵਿੱਚ ਪੈਂਦੇ ਪ੍ਰੋਫੈਸਰ ਕਲੋਨੀ ਵਿੱਚ ਪੀਣ ਵਾਲੇ ਪਾਣੀ ਦੀ ਕਿਲਤ ਆ ਰਹੀ ਹੈ ਕਿਉਕਿ ਪ੍ਰੋਫੈਸਰ ਕਲੋਨੀ ਵਿੱਚ ਜੋ ਪੁਰਾਣਾ ਟਿਊਬਵੈਲ ਚੱਲ ਰਿਹਾ ਸੀ, ਉਸ ਦਾ ਡਿਸਚਾਰਜ਼ ਬਹੁਤ ਘੱਟ ਚੁਕਿਆ ਹੈ। ਇਸ ਲਈ ਪ੍ਰੋਫੈਸਰ ਕਲੋਨੀ ਦੇ ਨਾਲ ਲਗਦੇ ਇਲਾਕੀਆਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਸਮਸਿਆ ਪੇਸ਼ ਆ ਰਹੀ ਹੈ। ਇਸ ਲਈ **ਹਾਲ ਦੀ ਘੜੀ ਜੋਗਿੰਦਰ ਨਗਰ ਲਾਡੋਵਾਲੀ ਰੋਡ ਸ਼ਮਸ਼ਾਨ ਘਾਟ ਵਾਲਾ ਟਿਊਬਵੈਲ ਵਾਰਡ ਨੰ: 9 ਪ੍ਰੋਫੈਸਰ ਕਲੋਨੀ ਵਿਖੇ ਲਗਵਾ ਦਿੱਤਾ ਜਾਵੇ** ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਕਰਵਾਇਆ ਜਾ ਸਕੇ।

**ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੋਗਿੰਦਰ ਨਗਰ ਲਾਡੋਵਾਲੀ ਰੋਡ ਸ਼ਮਸ਼ਾਨ ਘਾਟ ਵਾਲਾ ਟਊਬਵੈਲ ਪ੍ਰੋਫੈਸਰ ਕਲੋਨੀ ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ ਅਤੇ ਨਾਲ ਹੀ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।**
ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜਵੀਜ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
10.3.2021

ਮਤਾ ਨੰਬਰ:- 65

ਵਿਸ਼ਾ:- ਵਾਰਡ ਨੰ: 56 ਓਲਡ ਰਣਜੀਤ ਐਨਕਲੇਵ ਲੋਹਾਰ ਨੰਗਲ (ਰਿਪਲੇਸਮੈਂਟ ) ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਹਰਦਿਆਲ ਨਗਰ ਵਾਰਡ ਨੰ: 21 ਨਵਾਂ ਵਿਖੇ ਲਗਾਊਣ ਦੀ ਪ੍ਰਵਾਨਗੀ ਬਾਰੇ।ਸਾਈਟ ਚੇਂਜ ਦੀ ਪ੍ਰਵਾਨਗੀ ਬਾਰੇ।

ਤਖਮੀਨਾ ਰੁਪਏ: 19,68,462/-
ਟੈਂਡਰ ਮੰਗੇ ਰੁਪਏ: 18,35,462/- (ਬਿਜਲੀ ਕੁਨੈਕਸ਼ਨ ਦੇ ਰਾਖਵੇ ਰੁਪਏ 1,33,000/-)
ਟੈਂਡਰ ਅਮਾਊਂਟ ਰੁਪਏ: 17,13,587/- ਸੇਵਿੰਗ 6.64%
ਅਜੰਸੀ ਦਾ ਨਾਮ:- ਗੋਇਅਲ ਟਿਊਬਵੈਲ ਸਟੋਰ ਨਾਭਾ

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 19,68,462/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 11(2) ਮਿਤੀ 30-11-17 ਰਾਹੀਂ ਦਿੱਤੀ ਸੀ। ਇਸ ਤਖਮੀਨੇ ਵਿੱਚੋ ਰੁਪਏ 1,33,000/- ਬਿਜਲੀ ਕੁਨੈਕਸ਼ਨ ਦੇ ਰਾਖਵੇ ਰੱਖ ਕੇ ਬਾਕੀ ਰੁਪਏ 18,35,462/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਚਾਰ ਬਾਰ ਮੰਗੇ ਗਏ ਪਰੰਤੂ ਤਕਨੀਕੀ ਮਿਆਰ ਪੱਖੋ ਪੂਰੇ ਨਾ ਹੋਣ ਕਾਰਨ ਇਸ ਕੰਮ ਦੇ ਟੈਂਡਰ ਨੂੰ ਰੱਦ ਕਰਕੇ ਰਿ-ਕਾਲ ਕਰਨ ਹੁਕਮ ਜਾਰੀ ਕੀਤੇ ਗਏ। ਇਸ ਕੰਮ ਟੈਂਡਰ ਪੰਜਵੀਂ ਬਾਰੀ ਠੇਕੇਦਾਰਾਂ ਤੋ ਮਿਤੀ 11.10.19 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜ਼ੋ ਕਿ ਤਕਨੀਕੀ ਮਿਆਰ ਪਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡਾਂ ਖੋਲੀਆਂ ਗਈਆਂ, ਜਿਸ ਵਿੱਚੋ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 189 ਮਿਤੀ 21.11.19 ਰਾਹੀਂ ਦਿੱਤੀ ਸੀ।

ਵਾਰਡ ਨੰ: 21 ਦੀ ਕੋਂਸਲਰ ਸ਼੍ਰੀਮਤੀ ਮਨਜੀਤ ਕੌਰ ਦੇ ਪੱਤਰ ਮਿਤੀ 01.02.2021 ਅਤੇ ਹਲਕਾ ਵਿਧਾਇਕ ਕੈਂਟ ਸ੍ਰੀ ਪ੍ਰਗਟ ਸਿੰਘ ਜੀ ਨੇ ਪੱਤਰ ਮਿਤੀ 03.02.2021 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਹੈ ਕਿ ਵਾਰਡ ਨੰ: 21 ਹਰਦਿਆਲ ਨਗਰ ਅਤੇ ਇਸ ਦੇ ਨਾਲ ਲਗਦੇ ਇਲਾਕੀਆਂ ਵਿੱਚ ਇਲਾਕਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਸਮਸਿਆ ਪੇਸ਼ ਆ ਰਹੀ ਹੈ। ਕਿਉ ਜ਼ੋ ਰਣਜੀਤ ਐਨਕਲੇਵ ਲੋਹਾਰ ਨੰਗਲ ਵਿਖੇ ਟਿਊਬਵੈਲ ਪਹਿਲਾ ਹੀ ਲਗਾ ਦਿੱਤਾ ਗਿਆ ਹੈ, ਜਿਸ ਕਾਰਨ ਇਸ ਜਗ੍ਹਾ ਤੇ ਹੁਣ ਟਿਊਬਵੈਲ ਦੀ ਲੋੜ ਨਹੀ ਹੈ। **ਇਸ ਲਈ ਮੈਸਰਜ਼ ਗੋਇਅਲ ਟਿਊਬਵੈਲ ਸਟੋਰ ਨਾਭਾ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/213 ਮਿਤੀ 23.03.2020 ਰਾਹੀਂ ਅਲਾਟ ਕੀਤਾ ਟਿਊਬਵੈਲ ਵਾਰਡ ਨੰ: 56 ਓਲਡ ਰਣਜੀਤ ਐਨਕਲੇਵ ਲੋਹਾਰ ਨੰਗਲ (ਰਿਪਲੇਸਮੈਂਟ) ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਹਰਦਿਆਲ ਨਗਰ ਵਾਰਡ ਨੰ: 21 ਵਿਖੇ ਲਗਾਊਣ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ,** ਤਾਂ ਜ਼ੋ ਇਲਾਕ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹਇਆ ਕਰਵਾਈ ਜਾ ਸਕੇ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜਵੀਜ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.3.2021

ਮਤਾ ਨੰਬਰ:- 66

ਵਿਸ਼ਾ:- Installation of Deep Hand Bore T/W at Mohalla Gobind Garh W-18 (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 12,00,599/- |
| ਰਿਵਾਇਜ਼ ਤਖਮੀਨਾ | ਰੁਪਏ 12,88,292/- (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 60,000/-) |
| ਟੈਂਡਰ ਮੰਗੇ | ਰੁਪਏ 12,28,292/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 4 (ਪਹਿਲੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 11,90,214/- ਸੇਵਿੰਗ 3.10% |
| ਅਜੰਸੀ ਦਾ ਨਾਮ:- | ਮੈ: ਜੀ.ਕੇ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ ਹਲਕਾ ਜਲੰਧਰ ਸੈਂਟਰਲ ਜੀ ਵੱਲੋਂ ਅਪਣੇ ਪੱਤਰ ਰਾਹੀਂ ਹੁਕਮ ਦਿੱਤੇ ਹਨ ਕਿ ਉਹਨਾ ਦੇ ਹਲਕੇ ਅਧੀਨ ਆਉਂਦੇ ਵਾਰਡ ਨੰ: 18 ਦੇ ਇਲਾਕੇ ਮੁੱਹਲਾ ਗੋਬਿੰਦਗੜ੍ਹ ਵਿਖੇ ਸ਼ਰਮਾ ਮਾਰਕਿਟ ਦੇ ਲਾਗੇ ਵਸਨੀਕਾ ਨੂੰ ਪੀਣ ਵਾਲੇ ਪਾਣੀ ਦੀ ਕਾਫੀ ਦਿਕਤ ਪੇਸ਼ ਆ ਰਹੀ ਹੈ। ਇਸ ਲਈ ਲੋਕਾ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦੇਣ ਵਾਸਤੇ ਇਥੇ ਨਵਾਂ ਹੈਡ ਬੋਰ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 12,28,000/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 98(3) ਮਿਤੀ 29.11.19 ਰਾਹੀਂ ਦਿੱਤੀ। ਇਸ ਉਪਰੰਤ ਇਹਨਾਂ ਕੰਮਾਂ ਲਈ ਨਗਰ ਨਿਗਮ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਸੁਸਾਈਟੀ/ਠੇਕੇਦਾਰਾਂ ਤੋ ਕਈ ਬਾਰ ਟੈਂਡਰ ਮੰਗੇ ਗਏ ਸਨ, ਪਰੰਤੂ ਕਿਸੇ ਵੱਲੋਂ ਹਿੱਸਾ ਨਹੀ ਲਿਆ ਗਿਆ ਸੀ। **ਮਿਤੀ 24.08.2020 ਤੋ ਨਵਾਂ ਸੀ.ਐਸ.ਆਰ 2020 ਜਾਰੀ ਹੋਣ ਕਾਰਨ ਇਹਨਾਂ ਕੰਮਾਂ ਦੇ ਟੈਂਡਰਾਂ ਦੇ ਤਖਮੀਨਿਆਂ ਨੂੰ ਰਿਵਾਇਜ਼ ਕਰਕੇ ਮੁੜ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਦੇ ਹੁਕਮ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 15.09.2020 ਰਾਹੀਂ ਜਾਰੀ ਕੀਤੇ ਗਏ।**

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲਿ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 19.10.2020 ਮੰਗੇ ਗਏ, ਕੁੱਲ 4 ਟੈਂਡਰ ਪ੍ਰਾਪਤ ਹੋਏ। ਮਿਥੇ ਸਮੇ ਤੇ ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ। ਇਹਨਾ ਬਿਡਾਂ ਨੂੰ ਘੋਖਣ ਉਪਰੰਤ ਪਤਾ ਚੱਲੀਆ ਕਿ ਮੈਸਰਜ਼ ਐਮ.ਕੇ ਇੰਡਸਟ੍ਰੀ ਵੱਲੋਂ ਸੁਸਾਈਟੀਆਂ ਸਮੇ ਵਿੱਚ ਹਿੱਸਾ ਲੈ ਲਿਆ ਗਿਆ ਸੀ ਜਿਸ ਕਾਰਨ ਇਸ ਠੇਕੇਦਾਰ ਦੇ ਟੈਂਡਰ ਨੂੰ ਤਕਨੀਕੀ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਬਾਕੀ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੋਕਤ ਸੁਸਾਈਟੀ ਮੈਸਰਜ਼ ਜੀ.ਕੇ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ ਦਾ ਰੇਟ ਸਬ ਤੋ ਘੱਟ ਪਾਇਆ। ਸੁਸਾਈਟੀ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 12,28,292/- ਦੇ ਵਿਰੁੱਧ 11,90,214/- ਕੰਮ ਵਿੱਚ ਕੰਮ ਕਰੇਗੀ। ਇਸ ਲਈ ਉਪਰੋਕਤ ਕੰਮ ਦੇ ਟੈਂਡਰ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.2.2021 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

10.3.2021